ਸੇਹਤ ਬਾਰੇ ਚਿੰਤਾਵਾਂ

# ਹੈਪੁਟਾਈਟਿਸ ਸੀ (Hepatitis C)

## ਹੈਪੁਟਾਈਟਿਸ ਸੀ (Hepatitis C) ਕੀ ਹੁੰਦੀ ਹੈ?

ਹੈਪੁਟਾਈਟਿਸ ਸੀ (Hepatitis C) ਇੱਕ ਤਰ੍ਹਾਂ ਦੀ ਲਾਗ ਹੁੰਦੀ ਹੈ ਜੋ ਹੈਪੁਟਾਈਟਿਸ ਸੀ ਦੇ ਵਾਇਰਸ (HCV) ਕਾਰਨ ਲੱਗਦੀ ਹੈ। ਸਮਾਂ ਪਾ ਕੇ, ਲਾਗ ਨਾਲ ਜਿਗਰ ਨੂੰ ਸੋਜ਼ਿਸ਼ ਅਤੇ ਨੁਕਸਾਨ ਹੋ ਜਾਂਦਾ ਹੈ।

## ਲੋਕਾਂ ਨੂੰ ਹੈਪੁਟਾਈਟਿਸ ਸੀ (Hepatitis C) ਕਿਵੇਂ ਲੱਗ ਜਾਂਦੀ ਹੈ?

ਵਿਅਕਤੀ ਜੋ ਹੈਪੁਟਾਈਟਿਸ ਸੀ ਦੇ ਵਾਰਿਸ (HCV) ਦਾ ਸ਼ਿਕਾਰ ਹੋਵੇ ਉਸ ਦੇ ਖ਼ੂਨ ਦੀ ਛੂਤ ਨਾਲ, ਜਾਂ ਸਰੀਰ ਅੰਦਰਲੇ ਖ਼ੂਨ ਵਾਲੇ ਤਰਲ ਪਦਾਰਥ (ਫ਼ਲੂਅਡ) ਰਾਹੀਂ ਹੈਪੁਟਾਈਟਿਸ ਸੀ (Hepatitis C) ਫ਼ੈਲ ਜਾਂਦੀ ਹੈ। ਹੈਪੁਟਾਈਟਿਸ ਸੀ ਦਾ ਵਾਰਿਸ (HCV) ਕਿਸੇ ਨਾਲ ਅਜਿਹੀ ਵਸਤ, ਜਿਸ ਅੰਦਰ ਲਾਗ ਵਾਲਾ ਖ਼ੂਨ ਹੋਵੇ, ਸਾਂਝੀ ਕਰਨ ਨਾਲ ਤੁਹਾਨੂੰ ਵੀ ਲੱਗ ਸਕਦਾ ਹੈ। ਇਨ੍ਹਾਂ ਵਿੱਚ ਹੇਠ ਦਰਜ ਵਸਤਾਂ ਸ਼ਾਮਲ ਹੁੰਦੀਆਂ ਹਨ:

- ਡਰੱਗ ਦਾ ਟੀਕਾ ਲਾਉਣ, ਟੈਟੂ ਬਣਾਉਣ (ਚਮੜੀ ਉੱਤੇ ਬਿੰਦ ਖਟੋਲੇ ਖੁਣਨ) ਸਰੀਰ ਦੇ ਅੰਗ ਨੂੰ ਵਿੰਨ੍ਹਣ ਲਈ ਵਰਤੀਆਂ ਜਾਣ ਵਾਲੀਆਂ ਸੂਈਆਂ
- ਉੱਸਤਰੇ (ਬਲੇਡ), ਕੈਂਚੀਆਂ ਜਾਂ ਦੰਦ ਸਾਫ਼ ਕਰਨ ਲਈ ਬੁਰਸ਼
- ਡਰੱਗਾਂ ਦਾ ਟੀਕਾ ਲਾਉਣ ਜਾਂ ਉਨ੍ਹਾਂ ਨੂੰ ਨਾਸਾਂ ਰਾਹੀ ਸੰਘਣ ਕੇ ਲੈਣ ਨਾਲ ਸੰਬੰਧਤ ਵਰਤੀਆਂ ਜਾਂਦੀਆਂ ਵਸਤਾਂ ਜਿਵੇਂ ਕਿ ਸਟਰਾਅ, ਚਿਮਚੇ, ਅਤੇ ਫ਼ਿਲਟਰ
- 1990 ਤੋਂ ਪਹਿਲਾਂ, ਇੱਕ ਵਿਅਕਤੀ ਤੋਂ ਦੂਜੇ ਅੰਦਰ ਦਿੱਤੀਆਂ ਗਈਆਂ ਖ਼ੂਨ ਵਾਲੇ ਪਦਾਰਥ

ਹੈਪੁਟਾਈਟਿਸ ਸੀ ਦੇ ਵਾਇਰਸ (HCV) ਦੇ ਸ਼ਿਕਾਰ ਵਿਅਕਤੀ ਨਾਲ ਅਸੁਰੱਖਿਅਤ ਸੰਭੋਗ ਕਰਨ ਨਾਲ ਵੀ ਹੈਪੁਟਾਈਟਿਸ ਸੀ ਦੇ ਵਾਇਰਸ (HCV) ਫ਼ੈਲਦਾ ਹੈ।

ਹੈਪੁਟਾਈਟਿਸ ਸੀ ਦੇ ਵਾਇਰਸ (HCV) ਦੀਆਂ ਸ਼ਿਕਾਰ ਔਰਤਾਂ ਵਿੱਚੋਂ ਥੋੜੀ ਪ੍ਰਤਿਸ਼ਤ (5%-10%) ਗਰਭ ਅਵੱਸਥਾ ਜਾਂ ਜਣੇਪੇ ਸਮੇਂ (ਇਸ ਰੋਗ ਨੂੰ) ਅੱਗੇ ਆਪਣੇ ਬੱਚਿਆਂ ਤਕ ਵੀ ਪਹੁੰਚਾਅ ਸਕਦੀਆਂ ਹਨ।

## ਹੈਪੁਟਾਈਟਿਸ ਸੀ (Hepatitis C) ਦੀਆਂ ਇਲਾਮਤਾਂ ਕੀ ਹੁੰਦੀਆਂ ਹਨ?

ਜਿੰਨ੍ਹਾਂ ਨੂੰ ਹੈਪੁਟਾਈਟਿਸ ਸੀ (Hepatitis C) ਲੱਗ ਜਾਂਦੀ ਹੈ ਉਨ੍ਹਾਂ ਵਿਚ ਇਸ ਦੀ ਪਛਾਣ ਦੀਆਂ ਕੋਈ ਇਲਾਮਤਾਂ ਨਹੀਂ ਦਿੱਸਦੀਆਂ।

ਇਸ ਦੇ ਲੱਗਣ ਤੋਂ ਛੇ ਮਹੀਨਿਆਂ ਅੰਦਰ, ਕਈ ਲੋਕ ਥਕੇਵੇਂ,ਜੋੜਾਂ ਵਿੱਚ ਦਰਦ, ਪੇਟ ਵਿੱਚ ਬੇਅਰਾਮੀ ਅਤੇ ਯਰਕਾਨ (ਚਮੜੀ ਅਤੇ ਅੱਖਾਂ ਦੀ ਚਟਿਆਈ ਦਾ ਪੀਲਾ ਪੈ ਜਾਣਾ) ਕਾਰਨ ਥੋੜੇ ਸਮੇ ਲਈ ਬਿਮਾਰ ਪੈ ਜਾਂਦੇ ਹਨ। ਬਹੁਤ ਸਾਰੇ ਲੋਕ ਕੁਝ ਹੀ ਹਫ਼ਤਿਆਂ ਵਿੱਚ ਇਨ੍ਹਾਂ ਇਲਾਮਤਾਂ ਤੋਂ ਮੁਕਤ ਹੋ ਜਾਂਦੇ ਹਨ। ਫ਼ਿਰ ਵੀ, ਇਿਲਾਮਤਾਂ ਗ਼ਾਇਬ ਹੋ ਜਾਣ ਪਿੱਛੋਂ ਵੀ ਵਾਇਰਸ ਸਰੀਰ ਅੰਦਰ ਮੌਜੂਦ ਰਹਿੰਦਾ ਹੈ ਅਤੇ ਸਮਾਂ ਪਾ ਕੇ ਜਿਗਰ ਨੂੰ ਨੁਕਸਾਨ ਪਹੁੰਚਾਅ ਦਿੰਦਾ ਹੈ।

ਹੈਪੁਟਾਈਟਿਸ ਸੀ ਦੇ ਵਾਇਰਸ (HCV) ਦੇ 10 ਸਾਲ ਜਾਂ ਵੱਧ ਸਮੇਂ ਤੋਂ ਸ਼ਿਕਾਰ ਵਿਅਕਤੀਆਂ ਦੇ ਕਲੇਜੇ ਉੱਤੇ ਝਰੀਟਾਂ (ਜਿਸ ਨੂੰ ਸਿਰੌਸਿਜ਼ (cirrhosis) ਕਿਹਾ ਜਾਂਦਾ ਹੈ) ਪੈ ਜਾਂਦੀਆਂ ਹਨ ਅਤੇ ਇਸ ਨਾਲ ਜਿਗਰ ਦੀ ਕੈਂਸਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

## ਕਿਵੇਂ ਪਤਾ ਲੱਗਦਾ ਹੈ ਕਿ ਮੈਨੂੰ ਹੈਪੁਟਾਈਟਿਸ ਸੀ (Hepatitis C) ਲੱਗ ਚੁਕਿਆ ਹੈ?

ਤੁਹਾਨੂੰ ਹੈਪੁਟਾਈਟਿਸ ਸੀ ਦਾ ਵਾਇਰਸ (HCV) ਲੱਗ ਚੁਕਿਆ ਹੈ ਕਿ ਨਹੀ ਦਾ ਪਤਾ ਲਾਉਣ ਲਈ ਖ਼ੂਨ ਦੇ ਟੈੱਸਟ ਮੌਜੂਦ ਹਨ। ਇਨ੍ਹਾਂ ਟੈੱਸਟਾਂ ਬਾਰੇ ਵੱਧ ਜਾਣਨ ਲਈ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

## ਜੇ ਮੈਨੂੰ ਹੈਪੁਟਾਈਟਿਸ ਸੀ (Hepatitis C) ਲੱਗ ਚੁਕਿਆ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ?

ਸਰੀਰ ਅੰਦਰਲੇ ਪੋਸ਼ਟਕ ਅੰਸ਼ਾਂ, ਵਿਟਮਨਾਂ, ਮਿਨਰਲਾਂ (ਖਣਿਜ ਪਦਾਰਥਾਂ) ਅਤੇ ਰਸਾਇਨ ਪਦਾਰਥਾਂ ਨੂੰ ਨਿਯਮਤ ਕਰਨ ਅਤੇ

ਬਾਕਾਇਦਗੀ ਲਈ (ਖ਼ੁਰਾਕ ਨੂੰ ਪਚਾਉਣ, ਅੰਸ਼ਾਂ ਨੂੰ ਇੱਕ ਸੁਰ ਕਰਨ, ਜ਼ਹਿਰੀਲੇ ਪਦਾਰਥਾਂ ਦਾ ਜ਼ਹਿਰ ਖ਼ਤਮ ਕਰਨ ਆਦਿ) ਜਿਗਰ ਸਭ ਤੋਂ ਵੱਧ ਮਹੱਤਵਪੂਰਨ ਅੰਗ ਹੁੰਦਾ ਹੈ। ਇਹ ਅਹਿਮ ਪ੍ਰੋਟੀਨ ਪੈਦਾ ਕਰਦਾ ਹੈ ਅਤੇ ਸਰੀਰ ਦੀ ਵਰਤੋਂ ਲਈ ਊਰਜਾ ਨੂੰ ਸੰਭਾਲ ਕੇ ਰੱਖਦਾ ਹੈ। ਹੈਪੁਟਾਈਟਿਸ ਸੀ (Hepatitis C) ਜਿਗਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਇਸ ਦੀ ਚੰਗੀ ਤਰ੍ਹਾਂ ਕੰਮ ਕਰਨ ਦੀ ਯੋਗਤਾ ਵਿੱਚ ਵਿਗਾੜ ਪਾਉਂਦਾ ਹੈ। ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਜਿਗਰ ਨੂੰ ਸੇਹਤਮੰਦ ਰਖਿਆ ਜਾਵੇ।

ਜਿਗਰ ਨੂੰ ਸੇਹਤਮੰਦ ਰੱਖਣ ਲਈ ਤੁਸੀ ਹੇਠ ਦਰਜ ਅਨੁਸਾਰ ਕਰ ਸਕਦੇ ਹੋ:

- ਸੰਤੁਲਤ ਭੋਜਨ ਖਾ ਕੇ, ਬਾਕਾਇਦਾ ਵਰਜ਼ਿਸ਼ ਕਰ ਕੇ, ਆਰਾਮ ਕਰ ਕੇ ਅਤੇ ਨੀਂਦ ਲੈ ਕੇ ਸੇਹਤਮੰਦ ਜੀਵਨ ਢੰਗ ਕਾਇਮ ਰੱਖਦਿਆਂ
- ਜਿਗਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਪਦਾਰਥਾਂ, ਜਿਵੇਂ ਕਿ ਸ਼ਰਾਬ, ਸਟ੍ਰੀਟ, ਮਨਪਰਚਾਵੇ ਦੀਆਂ ਡਰੱਗਾਂ, ਤਮਾਕੂ ਅਤੇ ਕਈ ਦਵਾਈਆਂ ਤੋਂ ਪਰਹੇਜ਼
- ਕਰ ਕੇ ਜਾਂ ਉਨ੍ਹਾਂ ਨੂੰ ਘਟਾਅ ਕੇ
- ਹੈਪੁਟਾਈਟਿਸ ਸੀ (Hepatitis C) ਦੀਆਂ ਦੂਜੀਆਂ ਕਿਸਮਾਂ ਜਿਵੇਂ ਕਿ (A ਅਤੇ B) ਤੋਂ ਬਚਾਅ ਕਰਨ ਲਈ ਟੀਕੇ ਲਵਾਉਣੇ। ਹੈਪੁਟਾਈਟਿਸ ਸੀ ਵਿਰੁੱਧ ਕੋਈ ਟੀਕਾ ਨਹੀਂ ਹੈ।

ਤੁਹਾਡੇ ਜਿਗਰ ਦੀ ਨਿਗਰਾਨੀ ਕਰਨ ਵਾਲੇ ਡਾਕਟਰ ਨਾਲ ਮਿਲ ਕੇ ਚੱਲੋ। ਇਹ ਸਾਰਾ ਕੁਝ ਖ਼ੂਨ ਦੇ ਬਾਕਾਇਦਾ ਟੈੱਸਟਾਂ, ਅਲਟਰਾ ਸਾਊਂਡ ਸਕੈਨਾਂ ਅਤੇ ਜੇ ਲੋੜ ਪਵੇ ਤਾਂ ਜਿਗਰ ਦੇ ਅੰਸ਼ ਦਾ ਮੁਆਇਨਾ (ਬਿਆਪਸੀ, ਭਾਵ ਬਿਮਾਰੀ ਦਾ ਪਤਾ ਲਾਉਣ ਲਈ ਸਰੀਰ ਦੇ ਟਿਸ਼ੂ ਜਾਂ ਤਰਲ ਪਦਾਰਥ ਦਾ ਮੁਆਈਨਾ ਕਰਨ) ਕਰ ਕੇਂ ਕੀਤਾ ਜਾ ਸਕਦਾ ਹੈ।

ਹੈਪੁਟਾਈਟਿਸ ਸੀ (Hepatitis C) ਦੇ ਇਲਾਜ ਲਈ ਦਵਾਈਆਂ ਮਿਲਦੀਆਂ ਹਨ। (ਡਾਕਟਰ) ਦੇ ਨੁਸਖ਼ੇ ਅਨੁਸਾਰ 12 ਮਹੀਨਿਆਂ ਲਈ ਦਿੱਤੀਆਂ ਜਾਂਦੀਆਂ ਦੁਵਾਈਆਂ ਵਿੱਚ ਦੋ ਐਂਟੀਵਾਇਰਲ ਡਰੱਗਾਂ, ਇੰਟਰਫ਼ੈਰੌਨ-ਐਲਫ਼ਾ (Interferon-alpha) ਅਤੇ ਰਿਬਾਵੈਰਿਨ (ribavirin) ਸ਼ਾਮਲ ਹਨ ਜਿਸ ਨਾਲ ਕਈ ਲੋਕਾਂ ਅੰਦਰਲੀ ਲਾਗ ਖ਼ਤਮ ਕਰਨ ਵਿੱਚ ਮਦਦ ਮਿਲਦੀ ਹੈ। ਫ਼ਿਰ ਵੀ, ਇਨ੍ਹਾਂ ਇਲਾਜਾਂ ਦੇ ਮੰਦੇ ਅਸਰ ਵੀ ਹੁੰਦੇ ਹਨ ਜੋ ਹੈਪੁਟਾਈਟਿਸ ਸੀ (Hepatitis C) ਦੇ ਹਰੇਕ ਬਿਮਾਰ ਲਈ ਵਾਜਬ ਨਹੀਂ ਹੋ ਸਕਦੇ। ਸੰਭਾਵੀ ਇਲਾਜ ਸੰਬੰਧੀ ਢੰਗਾਂ ਬਾਰੇ ਡਾਕਟਰ ਨਾਲ ਗੱਲ ਕਰੋ।

### ਮੈਨੂੰ ਹੋਰ ਕਿਹੜੀਆਂ ਗੱਲਾਂ ਦਾ ਧਿਆਣ ਰੱਖਣਾ ਚਾਹੀਦਾ ਹੈ?

ਜੇ ਤੁਹਾਨੂੰ ਹੈਪੁਟਾਈਟਿਸ ਸੀ (Hepatitis C) ਦਾ ਰੋਗ ਹੋਵੇ ਤਾਂ ਇਹ ਵਾਇਰਸ ਤੁਹਾਡੇ ਰਾਹੀਂ ਦੂਜਿਆਂ ਤਕ ਵੀ ਪਹੁੰਚ ਸਕਦਾ ਹੈ। ਦੂਜੇ ਵਿਅਕਤੀਆਂ ਨੂੰ ਲਾਗ ਲੱਗਣ ਤੋਂ ਬਚਾਅ ਕਰਨ ਲਈ ਹੇਠ ਦਰਜ ਗੱਲਾਂ ਨੂੰ ਧਿਆਣ ਵਿੱਚ ਰੱਖੋ:

- ਖ਼ੂਨ, ਅੰਗ ਜਾਂ ਵੀਰਜ ਦਾਨ ਨਾ ਕਰੋ।
- ਦੂਜੇ ਦਾ ਉਸਤਰਾ ਜਾਂ ਦੰਦਾਂ ਦਾ ਬੁਰਸ਼ ਨਾ ਵਰਤੋ।
- ਜੇ ਤੁਸੀਂ ਡਰੱਗ ਲੈਂਦੇ ਹੋਵੋ, ਤਾਂ ਸੂਈਆਂ ਜਾਂ ਡਰੱਗ ਲਈ ਵਰਤੇ ਜਾਂਦੇ ਸਾਜ਼ੋ ਸਾਮਾਨ ਇੱਕ ਦੂਜੇ ਨਾਲ ਸਾਂਝਾ ਨਾ ਕਰੋ। ਖ਼ਬਰਦਾਰ ਰਹੋ ਕਿ ਇਨ੍ਹਾਂ ਵਸਤਾਂ ਨੂੰ ਬਲੀਚ ਨਾਲ ਸਾਫ਼ ਕਰਨ ਨਾਲ ਵੀ ਹੈਪੁਟਾਈਟਿਸ ਸੀ (Hepatitis C) ਲੱਗਣ ਤੋਂ ਬਚਾਅ ਨਹੀਂ ਹੋ ਸਕਦਾ।
- ਆਪਣੇ ਡਾਕਟਰ, ਨਰਸ ਅਤੇ ਦੰਦਾਂ ਦੇ ਡਾਕਟਰ ਨੂੰ ਦੱਸ ਦਿਓ ਕਿ ਤੁਹਾਨੂੰ ਹੈਪੁਟਾਈਟਿਸ ਸੀ (Hepatitis C) ਹੈ।
- ਕਾਨਡੰਮ ਦੀ ਵਰਤੋਂ ਰਾਹੀਂ ਸੁਰੱਖਿਅਤ ਸੰਭੋਗ ਕਰੋ

### ਜੇ ਮੈਨੂੰ ਹੈਪੁਟਾਈਟਿਸ ਸੀ (Hepatitis C) ਅਤੇ ਐੱਚ ਆਈ ਵੀ (HIV) ਦੋਵੇਂ ਹੋਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਹੈਪੁਟਾਈਟਿਸ ਸੀ (Hepatitis C) ਅਤੇ ਐੱਚ ਆਈ ਵੀ (ੀਡ) ਕਈ ਤਰ੍ਹਾਂ ਨਾਲ ਇੱਕ ਦੂਜੇ ਉੱਤੇ ਅਸਰ ਪਾਉਂਦੀਆਂ ਹਨ।

ਕੁਝ ਅਧਿਐਨ ਦੱਸਦੇ ਹਨ ਕਿ ਜਿੰਨ੍ਹਾਂ ਲੋਕਾਂ ਨੂੰ ਇਹ ਦੋਵੇਂ ਬਿਮਾਰੀਆਂ ਹੋਣ ਉਹ ਛੇਤੀ ਹੀ ਏਡ (AIDS) ਨਾਲ ਸੰਬੰਧਤ ਪੇਚੀਦਗੀਆਂ ਦੇ ਸ਼ਿਕਾਰ ਹੋ ਸਕਦੇ ਹਨ। ਇਸ ਲਈ, ਜੇ ਤੁਸੀਂ ਦੋਹਾਂ ਲਾਗਾਂ ਦੇ ਸ਼ਿਕਾਰ ਹੋਵੋ ਤਾਂ ਨੁਕਾਸਨ ਘਟਾਉਣ ਅਤੇ ਸੇਹਤ ਕਾਇਮ ਰੱਖਣ ਸੰਬੰਧੀ ਪਹਿਲਾਂ ਦੱਸੇ ਸੁਝਾਅ ਹੋਰ ਵੀ ਵੱਧ ਮਹੱਤਵਪੂਰਨ ਬਣ ਜਾਂਦੇ ਹਨ ।

ਖੋਜ ਇਹ ਵੀ ਸੁਝਾਂਦੀ ਹੈ ਕਿ ਜਿੰਨ੍ਹਾਂ ਲੋਕਾਂ ਨੂੰ ਦੋਵੇਂ ਲਾਗਾਂ ਲੱਗੀਆਂ ਹੋਣ ਉਹ ਵੱਧ ਤੇਜ਼ੀ ਨਾਲ ਸਿਰੋਸਿਜ਼ (cirrhosis) ਦੇ ਸ਼ਿਕਾਰ ਹੋ ਜਾਂਦੇ ਹਨ ਅਤੇ ਉਨ੍ਹਾਂ ਉਪਰ ਐੱਚ ਆਈ ਵੀ (HIV) ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ ਦਾ ਅਸਰ ਵੀ ਵੱਖਰੀ ਤਰ੍ਹਾਂ ਹੁੰਦਾ ਹੈ।

ਦੋਹਾਂ ਲਾਗਾਂ ਦੇ ਬਿਮਾਰ ਹੋਣ ਨਾਲ ਦੋਹਾਂ ਹਾਲਤਾਂ ਲਈ ਇਲਾਜ ਵੱਧ ਪੇਚੀਦਾ ਬਣ ਜਾਂਦਾ ਹੈ ਕਿਉਂਕਿ ਐੱਚ ਆਈ ਵੀ (HIV) ਦੇ ਇਲਾਜ ਲਈ ਵਰਤੀਆਂ ਜਾਂਦੀਆਂ ਡਰੱਗਾਂ ਜਿਗਰ ਨੂੰ ਹਾਨੀ ਪਹੁੰਚਾਅ ਸਕਦੀਆਂ ਹਨ। ਨਤੀਜੇ ਵਜੋਂ, ਐੱਚ ਆਈ ਵੀ (HIV) ਅਤੇ ਹੈਪੁਟਾਈਟਿਸ ਸੀ ਦੇ ਵਾਇਰਸ (HCV) ਦੋਹਾਂ ਦੀ ਲਾਗ ਦਾ ਬਿਮਾਰ ਇਨ੍ਹਾਂ ਦੋਹਾਂ ਬਿਮਾਰੀਆਂ ਦਾ ਇਲਾਜ ਇੱਕੋ ਹੀ ਸਮੇਂ ਕਰਵਾ ਰਿਹਾ ਹੁੰਦਾ ਹੈ। ਹਰੇਕ ਲਾਗ ਅਤੇ ਤੁਹਾਡੇ ਜਿਗਰ ਨੂੰ ਪਹੁੰਚੇ ਨੁਕਸਾਨ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਲਾਗ ਵਾਸਤੇ ਅਤੇ ਕਦੋਂ ਤੁਹਾਡਾ ਇਲਾਜ ਹੋ ਰਿਹਾ ਹੈ। ਤੁਹਾਡੇ ਲਈ ਇਲਾਜ ਦੇ ਕਿਹੜੇ ਢੰਗ ਠੀਕ ਹਨ ਉਨ੍ਹਾਂ ਬਾਰੇ ਡਾਕਟਰ ਨਾਲ ਗੱਲ ਕਰੋ।

ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਐਡਜ਼ ਟਰੀਟਮੈਂਟ ਇੰਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org

Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem